scottish legal complaints commission slcc

# ਇੱਕ ਵਕੀਲ ਬਾਰੇ ਕਿਵੇਂ ਸ਼ਿਕਾਇਤ ਕਰਨੀ ਹੈ

ਸਕੌਟਿਸ਼ ਲੀਗਲ ਕੰਪਲੇਂਟਸ ਕਮਿਸ਼ਨ (SLCC) ਸਕੌਟਲੈਂਡ ਵਿੱਚ ਵਕੀਲਾਂ ਬਾਰੇ ਸਾਰੀਆਂ ਸ਼ਿਕਾਇਤਾਂ ਲਈ ਇੱਕੋ ਇੱਕ ਗੇਟਵੇਅ (ਪ੍ਰਵੇਸ਼-ਮਾਰਗ ਜਾਂ ਜ਼ਰੀਆ) ਹੈ - ਇਸ ਵਿੱਚ ਸੋਲੀਸਟਰ ਅਤੇ ਐਡਵੋਕੇਟ ਸ਼ਾਮਲ ਹਨ।

ਸਾਡੀ ਸੁਤੰਤਰ (ਨਿਰਪੱਖ) ਸੰਸਥਾ ਹੈ ਅਤੇ ਅਸੀਂ ਮੁਫ਼ਤ ਸੇਵਾ ਮੁਹੱਈਆ ਕਰਦੇ ਹਾਂ।

ਭਾਵੇਂ ਤੁਸੀਂ ਆਪਣੇ ਆਪ ਨੂੰ ਮੁਹੱਈਆ ਕੀਤੀ ਸੇਵਾ ਦੇ ਮਿਆਰ ਬਾਰੇ ਸ਼ਿਕਾਇਤ ਕਰਨੀ ਚਾਹੁੰਦੇ ਹੋ, ਜਾਂ ਵਕੀਲ ਦੇ ਵਿਅਕਤੀਗਤ ਵਤੀਰੇ ਬਾਰੇ, ਸ਼ਿਕਾਇਤ ਸਾਨੂੰ ਭੇਜਣੀ ਚਾਹੀਦੀ ਹੈ।

## ਪਹਿਲਾ ਕਦਮ

ਇਹ ਯਕੀਨੀ ਬਣਾਓ ਕਿ ਤੁਸੀਂ ਸਾਡੀਆਂ ਸਮਾਂ-ਸੀਮਾਵਾਂ (ਜੋ ਸਾਡੀ ਵੈਬਸਾਈਟ 'ਤੇ ਹਨ) ਅੰਦਰ ਆਪਣੀ ਸ਼ਿਕਾਇਤ ਕਰਦੇ ਹੋ।

ਅਸੀਂ ਆਮ ਤੌਰ 'ਤੇ ਆਸ ਕਰਾਂਗੇ ਕਿ ਤੁਸੀਂ ਆਪਣੀਆਂ ਚਿੰਤਾਵਾਂ ਪਹਿਲਾਂ ਸਬੰਧਤ ਵਕੀਲ ਕੋਲ ਜਤਾਓ - ਉਹਨਾਂ ਨੂੰ ਗੱਲਾਂ ਦਾ ਨਿਪਟਾਰਾ ਕਰਨ ਦਾ ਮੌਕਾ ਦਿਓ।

ਜੇ ਇਸ ਨਾਲ ਤੁਹਾਡੀ ਸ਼ਿਕਾਇਤ ਦਾ ਨਿਪਟਾਰਾ ਨਹੀਂ ਹੁੰਦਾ, ਤਾਂ ਤੁਹਾਨੂੰ ਛੇਤੀ ਤੋਂ ਛੇਤੀ ਸਾਡੇ ਕਿਸੇ ਇੱਕ ਸ਼ਿਕਾਇਤ ਫਾਰਮ ਨੂੰ ਮੁਕੰਮਲ ਕਰਨ ਦੀ ਲੋੜ ਹੋਵੇਗੀ - ਜਾਂ ਤਾਂ ਸਾਡੀ ਵੈਬਸਾਈਟ 'ਤੇ ਆਨਲਾਈਨ (ਜਾਂ ਡਾਊਨਲੋਡ ਕਰਕੇ), ਜਾਂ ਫੇਰ ਤੁਸੀਂ ਆਪਣੇ ਆਪ ਨੂੰ ਭੇਜੇ ਜਾਣ ਲਈ ਸਾਨੂੰ ਕਹਿ ਸਕਦੇ ਹੋ।

ਇਹ ਮਹੱਤਵਪੂਰਨ ਹੈ ਕਿ ਤੁਸੀਂ ਸ਼ਿਕਾਇਤ ਫਾਰਮ ਉੱਪਰ ਜਿੰਨੀ ਵੱਧ ਤੋਂ ਵੱਧ ਹੋ ਸਕਦੀ ਹੈ ਓਨੀ ਜਾਣਕਾਰੀ ਮੁਹੱਈਆ ਕਰੋ। ਇਸ ਬਾਰੇ ਦੱਸੋ ਕਿ ਤੁਸੀਂ ਕਿਸ ਬਾਰੇ ਅਤੇ ਕਿਹੜੀ ਸ਼ਿਕਾਇਤ ਕਰ ਰਹੇ ਹੋ। ਆਪਣੀ ਕਿਸੇ ਉਸ ਸ਼ਿਕਾਇਤ ਦੀ ਕਾਪੀ ਸਾਨੂੰ ਮੁਹੱਈਆ ਕਰੋ ਜੋ ਤੁਸੀਂ ਵਕੀਲ ਨੂੰ ਕੀਤੀ ਸੀ ਅਤੇ ਕਿਸੇ ਵੀ ਪ੍ਰਾਪਤ ਕੀਤੇ ਜਵਾਬ ਨੂੰ ਵੀ ਮੁਹੱਈਆ ਕਰੋ।

ਅਸੀਂ ਪ੍ਰਾਪਤ ਕੀਤੀ ਹਰੇਕ ਸ਼ਿਕਾਇਤ ਦੀ ਯੋਗਤਾ ਦਾ ਮੁਲਾਂਕਣ ਕਰਾਂਗੇ। ਇਸ ਵਿੱਚ ਸ਼ਾਮਲ ਹੈ:

- ਇਹ ਜਾਂਚ ਕਰਨੀ ਕੀ ਇਹ ਕੋਈ ਅਜਿਹੀ ਸ਼ਿਕਾਇਤ ਹੈ ਜਿਸ ਨੂੰ ਅਸੀਂ ਨਜਿੱਠ ਸਕਦੇ ਹਾਂ; ਅਤੇ
- ਇਹ ਫੈਸਲਾ ਕਰਨਾ ਕਿ ਕੀ ਇਹ ਨਾਕਾਫੀ (ਅਧੂਰੀ) ਪੇਸ਼ੇਵਰ ਸੇਵਾ, ਜਾਂ ਵਤੀਰੇ ਬਾਰੇ, ਜਾਂ ਫੇਰ ਦੋਵਾਂ ਬਾਰੇ ਹੈ।
-

## ਵਤੀਰੇ ਸਬੰਧੀ ਸ਼ਿਕਾਇਤਾਂ

ਵਤੀਰਾ ਪ੍ਰੈਕਟੀਸ਼ਨਰ ਦੇ ਵਿਹਵਾਰ ਜਾਂ ਉਹਨਾਂ ਦੇ ਕੰਮ ਕਰਨ ਦੀ ਫਿਟਨੈਸ ਨਾਲ ਸਬੰਧਤ ਹੁੰਦਾ ਹੈ। ਜੇ ਸ਼ਿਕਾਇਤ ਵਕੀਲ ਦੇ ਵਤੀਰੇ ਬਾਰੇ ਹੈ, ਤਾਂ ਅਸੀਂ ਇਸ ਨੂੰ ਜਾਂਚ ਕੀਤੇ ਜਾਣ ਲਈ ਢੁਕਵੀਂ ਸੰਸਥਾ (ਆਮ ਤੌਰ 'ਤੇ ਲਾਅ ਸੁਸਾਇਟੀ ਆਫ ਸਕੌਟਲੈਂਡ ਜਾਂ ਫੈਕਲਟੀ ਆਫ ਐਡਵੋਕੇਟਸ) ਕੋਲ ਭੇਜ ਦੇਵਾਂਗੇ।

ਜੇ ਤੁਸੀਂ ਉਸ ਤਰੀਕੇ ਤੋਂ ਨਾਖੁਸ਼ ਹੋ ਜਿਸ ਨਾਲ ਉਸ ਸੰਸਥਾ ਤੁਹਾਡੀ ਸ਼ਿਕਾਇਤ ਨੂੰ ਨਜਿੱਠਦੀ ਹੈ, ਤਾਂ ਤੁਸੀਂ "ਨਜਿੱਠਣ ਵਾਲੀ ਸ਼ਿਕਾਇਤ'' ਸਾਨੂੰ ਕਰ ਸਕਦੇ ਹੋ। ਨਜਿੱਠਣ ਵਾਲੀਆਂ ਸ਼ਿਕਾਇਤਾਂ ਬਾਰੇ ਜਾਣਕਾਰੀ, ਅਤੇ ਸਾਨੂੰ ਨਜਿੱਠਣ ਵਾਲੀ ਸ਼ਿਕਾਇਤ ਕਰਨ ਦੀ ਕਿਸਮ ਬਾਰੇ ਜਾਣਕਾਰੀ ਸਾਡੀ ਵੈਬਸਾਈਟ ਉੱਤੇ ਦਿੱਤੀ ਹੈ - ਜਾਂ ਅਸੀਂ ਤੁਹਾਨੂੰ ਇੱਕ ਫਾਰਮ ਭੇਜ ਸਕਦੇ ਹਾਂ।

# ਨਾਕਾਫੀ ਪੇਸ਼ੇਵਰ ਸੇਵਾ ਬਾਰੇ ਸ਼ਿਕਾਇਤਾਂ

ਕੰਮ ਦੇ ਮਿਆਰ ਸਬੰਧੀ ਸੇਵਾ ਜਿਸ ਨੂੰ ਪ੍ਰੈਕਟੀਸ਼ਨਰ ਨੇ ਕਾਰ-ਵਿਹਾਰ ਦੌਰਾਨ ਕੀਤਾ ਮੁਹੱਈਆ ਕੀਤਾ ਹੈ। ਜੇ ਤੁਹਾਡੀ ਸ਼ਿਕਾਇਤ ਵਕੀਲ ਦੀ ਸੇਵਾ ਬਾਰੇ ਹੈ, ਤਾਂ SLCC ਸ਼ਿਕਾਇਤ ਨੂੰ ਨਜਿੱਠੇਗਾ।

ਅਸੀਂ ਤੁਹਾਡੇ ਲਈ ਵਿਚੋਲਗੀ ਦੀ ਪੇਸ਼ਕਸ਼ ਕਰ ਸਕਦੇ ਹਾਂ। ਇਹ ਆਮ ਤੌਰ 'ਤੇ ਸ਼ਿਕਾਇਤ ਦਾ ਛੇਤੀ ਨਿਪਟਾਰਾ ਕਰਨ ਲਈ ਵਧੀਆ ਤਰੀਕਾ ਹੈ। ਇਸ ਬਾਰੇ ਜ਼ਿਆਦਾ ਜਾਣਕਾਰੀ, ਕਿ ਵਿਚੋਲਗੀ ਕਿਵੇਂ ਕੰਮ ਕਰਦੀ ਹੈ, ਸਾਡੀ ਵੈਬਸਾਈਟ ਉੱਪਰ ਹੈ।

ਜੇ ਅਸੀਂ ਸ਼ਿਕਾਇਤ ਦੀ ਜਾਂਚ ਕਰਦੇ ਹਾਂ, ਤਾਂ ਅਸੀਂ ਉਸ ਸਾਰੀ ਜਾਣਕਾਰੀ ਉੱਤੇ ਗੌਰ ਕਰਾਂਗੇ ਜੋ ਸਾਡੇ ਕੋਲ ਉਪਲਬਧ ਹੁੰਦੀ ਹੈ ਅਤੇ ਅਸੀਂ ਸਿਫਾਰਸ਼ ਕਰਾਂਗੇ। ਜੇ ਸਾਨੂੰ ਲੱਗਦਾ ਹੈ ਕਿ ਤੁਹਾਡੀ ਸ਼ਿਕਾਇਤ ਜਾਇਜ਼ ਹੈ ਤਾਂ ਅਸੀਂ:

- ਵਕੀਲ ਨੂੰ ਤੁਹਾਡੇ ਲਈ ਕੰਮ ਨੂੰ ਮੁੜ ਤੋਂ ਕਰਨ ਜਾਂ ਪੂਰਾ ਕਰਨ ਲਈ ਹੁਕਮ ਦੇਵਾਂਗੇ;
- ਤੁਹਾਨੂੰ ਮੁਆਵਜ਼ਾ ਦੇਵਾਂਗੇ; ਅਤੇ/ਜਾਂ;
- ਵਕੀਲ ਨੂੰ ਫੀਸਾਂ ਰਿਫੰਡ ਕਰਨ ਲਈ ਕਹਾਂਗੇ ਜਿਹਨਾਂ ਦਾ ਭੁਗਤਾਨ ਤੁਸੀਂ ਪਹਿਲਾਂ ਹੀ ਕਰ ਚੁੱਕੇ ਹੋ।

ਜੇ ਇਸ ਪੜਾਅ ਉੱਤੇ ਹਰੇਕ ਧਿਰ ਸਿਫਾਰਸ਼ਾਂ ਸਵੀਕਾਰ ਕਰ ਲੈਂਦੀ ਹੈ, ਤਾਂ ਸ਼ਿਕਾਇਤ ਬੰਦ ਕਰ ਦਿੱਤੀ ਜਾਵੇਗੀ।

# ਅੰਤਿਮ ਫੈਸਲਾ

ਜੇ ਤੁਸੀਂ ਜਾਂ ਤੁਹਾਡਾ ਵਕੀਲ ਸਿਫਾਰਸ਼ ਸਵੀਕਾਰ ਨਹੀਂ ਕਰਦੇ, ਤਾਂ ਤੁਹਾਡੀ ਸ਼ਿਕਾਇਤ ਨੂੰ ਡਿਟਰਮੀਨੇਸ਼ਨ (ਨਿਰਧਾਰਣ) ਕਮੇਟੀ ਵੱਲੋਂ ਨਵੇਂ ਸਿਰਿਓਂ ਵਿਚਾਰਿਆ ਜਾਵੇਗਾ। ਤੁਹਾਡੀ ਸ਼ਿਕਾਇਤ ਬਾਰੇ ਉਹਨਾਂ ਦਾ ਫੈਸਲਾ ਅੰਤਿਮ ਹੁੰਦਾ ਹੈ ਅਤੇ ਉਸ ਦੀ ਅਪੀਲ ਕੋਰਟ ਆਫ ਸੈਸ਼ਨ ਜ਼ਰੀਏ ਕੀਤੀ ਜਾ ਸਕਦੀ ਹੈ।

# ਜਿਹਨਾਂ ਗੱਲਾਂ ਵਿੱਚ ਅਸੀਂ ਮਦਦ ਨਹੀਂ ਕਰ ਸਕਦੇ:

- ਅਸੀਂ ਤੁਹਾਨੂੰ ਕਾਨੂੰਨੀ ਜਾਂ ਕਾਰਜ-ਪ੍ਰਕਿਰਿਆ ਸਬੰਧੀ ਕੋਈ ਸਲਾਹ ਨਹੀਂ ਦੇ ਸਕਦੇ ਜਾਂ ਕਿਸੇ ਵੀ ਕਾਨੂੰਨੀ ਕਾਰਵਾਈਆਂ ਵਿੱਚ ਦਖਲ ਨਹੀਂ ਦੇ ਸਕਦੇ।
- ਅਸੀਂ ਜੱਜਾਂ, ਸ਼ੈਰਿਫਾਂ ਅਤੇ ਅਦਾਲਤਾਂ ਸਬੰਧੀ ਸ਼ਿਕਾਇਤਾਂ ਜਾਂ ਉਹਨਾਂ ਵੱਲੋਂ ਕੀਤੇ ਗਏ ਫੈਸਲਿਆਂ ਬਾਰੇ ਵਿਚਾਰ ਨਹੀਂ ਕਰ ਸਕਦੇ (ਜਾਂ ਬਦਲ ਨਹੀਂ ਸਕਦੇ)।
- ਅਸੀਂ ਤੁਹਾਨੂੰ ਇਹ ਨਹੀਂ ਦੱਸ ਸਕਦੇ ਕਿ ਫੀਸਾਂ ਦੀ ਜਿਹੜੀ ਰਾਸ਼ੀ ਤੁਹਾਡੇ ਤੋਂ ਲਈ ਗਈ ਹੈ ਕੀ ਉਹ ਮੁਨਾਸਬ ਹੈ।

# ਅਗਲੇਰੀ ਜਾਣਕਾਰੀ

ਤੁਸੀਂ ਸਾਡੀ ਵੈਬਸਾਈਟ ਉੱਤੇ ਇਸ ਬਾਰੇ ਤਾਜ਼ਾ ਜਾਣਕਾਰੀ ਲੈ ਸਕਦੇ ਹੋ ਕਿ ਕੀ ਕਰਨਾ ਹੈ।
www.scottishlegalcomplaints.org.uk

ਬਦਲ ਦੇ ਤੌਰ 'ਤੇ ਤੁਸੀਂ ਅੱਗੇ ਦਿੱਤੇ ਵੇਰਵਿਆਂ ਦੀ ਵਰਤੋਂ ਕਰਦੇ ਹੋਏ ਸਾਡੇ ਨਾਲ ਸੰਪਰਕ ਕਰ ਸਕਦੇ ਹੋ:

Scottish Legal Complaints Commission
12-13 St Andrew Square
Edinburgh
EH2 2AF

ਟੈਲੀ: 0131 201 2130

ਈਮੇਲ: Enquiries@scottishlegalcomplaints.org.uk